# ਦਫਤਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ।

## ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸੰਸਥਾ ਦੇ ਵਿਕਾਸ ਕਾਰਜ ਸ਼ੁਰੂ ਕਰਨ ਅਤੇ ਪਬਲਿਕ ਹਿੱਤਾਂ ਦੇ ਸਨਮੁੱਖ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦੀ ਹਦੂਦ ਵਿੱਚ ਨਵੀ ਉਸਾਰੀ ਹੋਣ ਵਾਲੀ ਇਮਾਰਤ ਦੀ ਸਾਈਟ ਵਿਚ ਆਉਦੇ **39 ਰੁੱਖ** ਜਿੰਨਾਂ ਦਾ ਵੇਰਵਾ ਹੇਠਾਂ ਦਿਤਾ ਗਿਆ ਹੈ, ਖੁਲੀ ਬੋਲੀ ਰਾਹੀਂ ਨਿਲਾਮੀ ਕੀਤੀ ਜਾਣੀ ਹੈ।ਇਸ ਮੰਤਵ ਵਾਸਤੇ ਬੋਲੀ/ਨਿਲਾਮੀ ਨਿਮਨ ਹਸਤਾਖਰ ਦੇ ਦਫਤਰ ਵਿਖੇ ਆਕਸ਼ਨ ਕਮੇਟੀ ਦੀ ਪ੍ਰਧਾਨਗੀ ਹੇਠ ਹੇਠ **ਮਿਤੀ 15-06-2021 ਨੂੰ ਸਵੇਰੇ 11-00 ਵਜੇ** ਹੋਵੇਗੀ।ਜੇਕਰ ਇਸ ਮਿਤੀ ਨੂੰ ਅਚਾਨਕ ਕੋਈ ਸਰਕਾਰੀ ਛੁੱਟੀ ਘੋਸ਼ਿਤ ਹੁੰਦੀ ਹੈ ਤਾਂ ਉਸ ਸੂਰਤ ਵਿੱਚ ਬੋਲੀ ਅਗਲੇ ਕੰਮ ਵਾਲੇ ਦਿਨ ਨਿਸ਼ਚਿਤ ਸਮੇ ਤੇ ਹੋਵੇਗੀ।

**ਰੁੱਖਾ ਦਾ ਵੇਰਵਾ:-**

| ਲੜੀ ਨੰ | ਕਿਸਮ | ਕੁੱਲ ਰੁੱਖ | ਘਣਫਲ |
|---|---|---|---|
| 1. | ਧਰੇਕ | 25 | 3.55 |
| 2. | ਮਲਬਰੀ | 11 | 8.85 |
| 3. | ਅੰਬ | 01 | 1.10 |
| 4. | ਫੁੱਟਕਲ | 02 | 4.60 |
| | **ਕੁੱਲ ਜੋੜ** | 39 | 18.10 |

**ਸ਼ਰਤਾਂ:-**

1. ਬੋਲੀ ਵਿੱਚ ਹਿਸਾ ਲੈਣ ਵਾਲੇ ਵਿਅਕਤੀ, ਬੋਲੀ ਦੇ ਸ਼ੁਰੂ ਹੋਣ ਤੋਂ ਪਹਿਲਾਂ **5000/ਰੁਪਏ ਬਤੋਰ ਸਕਿਉਰਟੀ/Earnest Money,** ਕਿਸੇ ਵੀ ਰਾਸ਼ਟਰੀ ਬੈਂਕ ਦੇ ਡਿਮਾਂਡ ਡਰਾਫਟ ਦੇ ਰੂਪ ਵਿੱਚ ਜੋ ਕਿ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਨਾਮ ਤੇ ਹੋਵੇ, ਦਫਤਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ,ਅੰਮ੍ਰਿਤਸਰ ਦੇ ਕੈਸ਼ੀਅਰ ਪਾਸ ਜਮਾਂ ਕਰਵਾਉਣਗੇ ਅਤੇ ਨਾਲ ਹੀ ਆਪਣਾ ਆਧਾਰ ਅਤੇ ਪੈਨ ਕਾਰਡ ਦੀ ਤਸਦੀਕਸ਼ੁਦਾ ਕਾਪੀ ਵੀ ਜਮਾਂ ਕਰਾਉਣਗੇ।
2. ਸਾਰੇ ਦਰਖਤਾਂ ਦੀ ਬੋਲੀ ਇਕ ਹੀ ਲਾਟ ਵਿਚ ਕੀਤੀ ਜਾਵੇਗੀ।
3. ਸਭ ਤੋਂ ਵਧ ਬੋਲੀ ਦੇਣ ਵਾਲੇ ਸਫਲ ਬੋਲੀਕਾਰ ਵਲੋਂ ਬੋਲੀ ਖਤਮ ਹੋਣ ਉਪਰੰਤ ਬੋਲੀ ਦੀ ਸਾਰੀ ਰਕਮ ਬੈਂਕ ਡਿਮਾਂਡ ਡਰਾਫਟ ਦੇ ਰੂਪ ਵਿੱਚ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਨਾਮ ਤੇ **ਮਿਤੀ** 15-06-2021 ਨੂੰ ਸ਼ਾਮ 5:00 ਵਜੇ ਤੋਂ ਪਹਿਲਾਂ-ਪਹਿਲਾਂ ਦਫਤਰ ਦੇ ਕੈਸ਼ੀਅਰ ਪਾਸ ਜਮਾਂ ਕਰਵਾਉਣੀ ਹੋਵੇਗੀ।
4. ਸਾਰੇ ਰੁੱਖ 02 ਹਫਤੇ ਦੇ ਅੰਦਰ-ਅੰਦਰ ਆਪਣੀ ਜਿੰਮੇਵਾਰੀ ਅਤੇ ਖਰਚੇ ਤੇ ਕਟਵਾਣੇ/ਚੁਕਣੇ ਹੋਣਗੇ।
5. ਜੇਕਰ ਪਹਿਲੇ ਸਫਲ ਬੋਲੀਕਾਰ ਵਲੋ ਨਿਸ਼ਚਿਤ ਮਿਤੀ ਅਤੇ ਸਮੇ ਤੱਕ ਬਾਕੀ ਰਹਿੰਦੀ ਰਕਮ ਜਮਾਂ ਨਹੀ ਕਰਵਾਈ ਜਾਵੇਗੀ ਤਾਂ ਉਸਦੀ ਬਤੌਰ ਸਕਿਉਰਟੀ ਲਈ ਗਈ ਰਕਮ ਜਬਤ ਕਰ ਲਈ ਜਾਵੇਗੀ ਅਤੇ ਇਹੀ ਬੋਲੀ ਦੂਸਰੇ ਸਫਲ ਬੋਲੀਕਾਰ ਦੇ ਹੱਕ ਵਿਚ ਪਾਸ ਕਰ ਦਿੱਤੀ ਜਾਵੇਗੀ।
6. ਜੇਕਰ ਬੋਲੀਕਾਰਾਂ ਨੇ ਬੋਲੀ ਦੀ ਮਿਤੀ/ਸਮੇ ਤੋ ਪਹਿਲਾਂ ਉਕਤ 39 ਰੁੱਖਾਂ ਦਾ ਮੁਆਇਨਾਂ/ਦੇਖਣੇ ਹੋਣ ਤਾਂ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇ ਦੌਰਾਨ ਵਿਕਾਸ ਸ਼ਾਖਾ ਦੇ ਸਟਾਫ ਨਾਲ ਸੰਪਰਕ ਕਰਕੇ ਦੇਖ ਸਕਦੇ ਹਨ।
7. ਬੋਲੀਕਾਰਾਂ ਨੂੰ ਸਰਕਾਰ ਵਲੋ **ਕੋਵਿਡ-19 ਮਹਾਮਾਰੀ** ਸਬੰਧੀ ਜਾਰੀ ਕੀਤੀ **ਐਡਵਾਇਜਰੀ/ਗਾਇਡਲਾਈਨਾ** ਦੀ ਪਾਲਣਾ ਕਰਨੀ ਹੋਵੇਗੀ ਅਤੇ ਬੋਲੀ ਸਮੇ **Social Distancing** ਰੱਖਣੀ ਹੋਵੇਗੀ ਅਤੇ **Mask/Sanitizer** ਦੀ ਵਰਤੋ ਕਰਨੀ ਹੋਵੇਗੀ।
8. ਇਸ ਮੰਤਵ ਵਾਸਤੇ, ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਕੋਲ, ਬਿਨਾ ਕੋਈ ਕਾਰਨ ਦਸੇ ਸ਼ਰਤਾਂ ਵਿਚ ਤਬਦੀਲੀ ਕਰਨ, ਬੋਲੀ ਮੁਲਤਵੀ ਜਾਂ ਬੋਲੀ ਰੱਦ ਕਰਨ ਦੇ ਅਧਿਕਾਰ, ਰਾਖਵੇਂ ਹੋਣਗੇ ਅਤੇ ਬਾਕੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।
9. ਬੋਲੀ ਦੀ Reserve Amount/ਰਾਖਵੀ ਕੀਮਤ ਮੌਕੇ ਤੇ ਦੱਸੀ ਜਾਵੇਗੀ।

ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ